ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)

(email. dgsecoordination@punjabeducation.gov.in)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ [illegible]), ਪੰਜਾਬ।

ਮੀਮੋ ਨੰ. 437002/DPISE/2023/2/Co/202479420
ਮਿਤੀ: 21-03-2024

ਵਿਸ਼ਾ:- ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਉਣ ਸਬੰਧੀ।

ਹਵਾਲਾ: ਪੰਜਾਬ ਸਰਕਾਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ (ਡਿਸਏਬਿਲਟੀ ਸੈੱਲ) ਦਾ ਪੱਤਰ ਨੰ. SSWCD-10/218/2022-5DC/777043 ਮਿਤੀ 07.02.2024.

1.0 ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਦਿਵਿਆਗ ਅਧਿਕਾਰੀਆਂ/ਕਮਰਚਾਰੀਆਂ ਦੇ ਮੈਡੀਕਲ ਮੁਆਇੰਨਾ/ਸਰਟੀਫਿਕੇਟਾਂ ਦੀ ਜਾਂਚ ਲਈ 4 ਵੱਖ ਵੱਖ ਮੈਡੀਕਲ ਬੋਰਡਾਂ ਦਾ ਗਠਨ ਕੀਤਾ ਗਿਆ ਹੈ।

2.0 ਆਪ ਨੂੰ ਪੱਦਰ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਹਵਾਲਾ ਪੱਤਰ ਵਿੱਚ ਦਰਜ ਦਿਸ਼ਾ ਨਿਰਦੇਸ਼ਾ ਅਨੁਸਾਰ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇੰਨਾ/ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਕੇ ਰਿਪੋਰਟ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਭੇਜੀ ਜਾਵੇ।

3.0 ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੋਫਾਰਮੇ ਅਨੁਸਾਰ ਅਧੀਨ ਦਫਤਰਾਂ/ਸਕੂਲਾਂ ਦੀ ਕੰਸੋਲੀਡੇਟਿਡ ਸੂਚਨਾ (ਸਾਫਟ ਕਾਪੀ MS Excel ਰਾਵੀਂ ਫੌਂਟ ਵਿੱਚ) email ਤੇ ਭੇਜੀ ਜਾਵੇ। ਸਕੂਲਾਂ ਵੱਲੋਂ ਸਿੱਧੇ ਤੌਰ ਤੇ ਪ੍ਰਾਪਤ ਹੋਈ ਸੂਚਨਾ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਪ੍ਰੋਫਾਰਮੇ ਦਾ ਕੋਈ ਵੀ ਕਾਲਮ ਖਾਲੀ ਨਾ ਛੱਡਿਆ ਜਾਵੇ।

20.03.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ.ਨੰ.ਉਕਤ/202479421-425 ਮਿਤੀ 21-03-2024

ਉਤਾਰਾ ਹੇਠ ਲਿਖਿਆ ਨੂੰ ਹਵਾਲਾ ਪੱਤਰ ਦੀ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਆਪਣੇ ਅਦਾਰੇ ਦੀ ਸੂਚਨਾ ਪ੍ਰੋਫਾਰਮੇ ਅਨੁਸਾਰ ਇਸ ਸ਼ਾਖਾ ਨੂੰ ਭੇਜੀ ਜਾਵੇ:-

1. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।
2. ਪੀ.ਏ./ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ), ਪੰਜਾਬ।
3. ਪੀ.ਏ./ਡਾਇਰੈਕਟਰ ਐਸ.ਸੀ.ਈ.ਆਰ.ਟੀ. ,ਪੰਜਾਬ।
4. ਡਿਪਟੀ ਐਸ.ਪੀ.ਡੀ. (ਪੀ.ਈ.ਡੀ.ਬੀ., ਐਡਮਿਨ ਅਤੇ ਆਈ.ਸੀ.ਟੀ.), ਸਹਾਇਕ ਪ੍ਰੋਜੈਕਟ ਡਾਇਰੈਕਟਰ (ਮੈਰੀਟੋਰੀਅਸ), ਜੀ.ਐਮ. (ਮਿਡ-ਡੇ-ਮੀਲ)
5. ਸਹਾਇਕ ਡਾਇਰੈਕਟਰ (ਸੇਵਾਵਾਂ-3) ਅਤੇ ਰਜਿਸਟਰਾਰ ਸਿੱਖਿਆ ਵਿਭਾਗ।

20.03.24

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

### ਮੈਡੀਕਲ ਮੋਆਇਨੇ/ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਸਬੰਧੀ ਰਿਪੋਰਟ

| ਲੜੀ ਨੰ. | ਅਧਿਕਾਰੀ/ ਕਰਮਚਾਰੀ ਦਾ ਨਾਮ | ਅਹੁੱਦਾ | ਵਿਭਾਗ ਵਿੱਚ ਜੁਆਇੰਨਿੰਗ ਦੀ ਮਿਤੀ | ਸੇਵਾ ਮੁਕਤੀ ਦੀ ਮਿਤੀ | ਮੌਜੂਦਾ ਤੈਨਾਤੀ ਦਾ ਸਥਾਨ | ਦਿਵਿਆਂਗ ਦਾ ਲਿਆ ਗਿਆ ਲਾਭ (ਭਰਤੀ ਸਮੇਂ ਜਾਂ ਸੇਵਾ ਵਿੱਚ ਆਉਣ ਤੋਂ ਬਾਅਦ | ਜੁਆਇੰਨਿੰਗ ਸਮੇਂ ਪੇਸ਼ ਕੀਤੇ ਗਏ ਦਿਵਿਆਂਗਤਾ ਸਰਟੀਫਿਕੇਟ ਅਨੁਸਾਰ ਦਿਵਿਆਂਗਤਾ ਦੀ ਪ੍ਰਤੀਸ਼ਤ | ਮੈਡੀਕਲ ਬੋਰਡ ਕੋਲ ਮੈਡੀਕਲ ਮੁਆਇਨਾ/ ਅੰਗਹੀਣ ਸਰਟੀਫਿਕੇਟ ਦੀ ਜਾਂਚ ਕਰਵਾਉਣ ਦੀ ਮਿਤੀ | ਮੈਡੀਕਲ ਬੋਰਡ ਦੀ ਰਿਪੋਰਟ ਅਨੁਸਾਰ ਦਿਵਿਆਂਗਤਾ ਦੀ ਪ੍ਰਤੀਸ਼ਤ | ਦਿਵਿਆਂਗਤਾ ਦੀ ਸ਼੍ਰੇਣੀ | ਦਿਵਿਆਂਗਤਾ Permanent ਹੈ ਜਾਂ Temporary |
|---|---|---|---|---|---|---|---|---|---|---|---|
| | | | | | | | | | | | |
| | | | | | | | | | | | |

ਨੋਟ: ਰਿਪੋਰਟ ਦੇ ਸਾਰੇ ਕਾਲਮ ਭਰਨੇ ਜਰੂਰੀ ਹਨ।

I/777043/2024 SSWCD-10/218/2022-5DC/

**ਪੰਜਾਬ ਸਰਕਾਰ**

**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ**

**(ਡਿਸਏਬਿਲਟੀ ਸੈੱਲ)**

**ਵਿਸ਼ਾ:- ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੀ ਭਲਾਈ ਲਈ ਕਮੇਟੀ ਦੀ ਹੋਈ ਮੀਟਿੰਗ ਦੀ ਕਾਰਵਾਈ ਵਿੱਚੋਂ ਟੂਕ ਭੇਜਣ ਬਾਰੇ-ਅੰਗਹੀਣ ਸਰਟੀਫਿਕੇਟਾਂ ਦੀ ਜਾਂਚ ਕਰਵਾਉਣ ਸਬੰਧੀ।**

*****

ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰ: SSWCD-10/218/2022-5DC/471 ਮਿਤੀ 29.11.2022, ਮਿਤੀ 22.12.2022, ਮਿਤੀ 16.02.2023 ਅਤੇ ਮਿਤੀ 23.02.2023 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਹਵਾਲਾ ਅਧੀਨ ਪੱਤਰ ਰਾਹੀਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਪ੍ਰਾਪਤ ਪੱਤਰ ਨੰ. SJEM-RCWB09/70/2022-RC-3/454486 ਮਿਤੀ 07.11.2022 ਰਾਹੀਂ ਪੰਜਾਬ ਵਿਧਾਨ ਸਭਾ (ਭਲਾਈ ਕਮੇਟੀ ਸ਼ਾਖਾ) ਦੇ ਪੱਤਰ ਨੰ: 12-ਭ.ਕ.ਸ./2022-23/13902 ਮਿਤੀ 09-09-2022 ਦੀ ਕਾਪੀ ਸਹਿ-ਪੱਤਰਾਂ ਸਮੇਤ ਆਪ ਨੂੰ ਭੇਜਕੇ ਬੇਨਤੀ ਕੀਤੀ ਗਈ ਸੀ ਕਿ ਇਸ ਮੰਗ ਪੱਤਰ ਦੇ ਨੁਕਤਾ ਨੰ: 23 ਦੀ ਮੰਗ ਅਨੁਸਾਰ ਆਪਣੇ ਵਿਭਾਗ ਅਤੇ ਬੋਰਡ/ਕਾਰਪੋਰੇਸ਼ਨਾਂ ਵਿੱਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦੇ ਦਿਵਿਆਂਗਤਾ ਸਰਟੀਫਿਕੇਟਾਂ ਦੀ ਜਾਂਚ PGIMER ਚੰਡੀਗੜ੍ਹ ਤੋਂ ਕਰਵਾਉਣ ਉਪਰੰਤ ਮੰਗੀ ਗਈ ਸੂਚਨਾ ਪ੍ਰੋਫਾਰਮੇ ਵਿੱਚ ਭਰਕੇ ਭੇਜੀ ਜਾਵੇ। ਇਸ ਉਪਰੰਤ ਹਵਾਲਾ ਅਧੀਨ ਪੱਤਰ ਮਿਤੀ 16.02.2023 ਰਾਹੀਂ ਬੇਨਤੀ ਕੀਤੀ ਗਈ ਕਿ ਆਪਣੇ ਵਿਭਾਗ ਅਤੇ ਆਪ ਦੇ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ ਵਿੱਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਆਪਣੇ ਪੱਧਰ ਤੇ PGMIER ਚੰਡੀਗੜ੍ਹ ਵਿਖੇ ਨਾ ਭੇਜਿਆ ਜਾਵੇ, ਬਲਕਿ ਉਕਤ ਅਧਿਕਾਰੀਆਂ/ਕਰਮਚਾਰੀਆਂ ਦੀ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਵਿੱਚ ਭਰ ਕੇ ਇਸ ਵਿਭਾਗ ਨੂੰ ਭੇਜੀ ਜਾਵੇ, ਤਾਂ ਜੋ ਉਨ੍ਹਾਂ ਨੂੰ ਇਸ ਵਿਭਾਗ ਵੱਲੋਂ ਹੀ ਸਿੱਧੇ ਤੌਰ ਤੇ PGMIER ਚੰਡੀਗੜ੍ਹ ਵਿਖੇ ਮੈਡੀਕਲ ਮੁਆਇੰਨੇ ਲਈ ਭੇਜਿਆ ਜਾ ਸਕੇ। ਇਸ ਤੋਂ ਇਲਾਵਾ ਇਹ ਵੀ ਲਿਖਿਆ ਗਿਆ ਸੀ ਕਿ ਜਦੋਂ ਤੱਕ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦੇ ਮੈਡੀਕਲ ਮੁਆਇੰਨੇ ਸਬੰਧੀ PGIMER ਤੋਂ ਰਿਪੋਰਟ ਪ੍ਰਾਪਤ ਨਹੀਂ ਹੋ ਜਾਂਦੀ ਹੈ, ਉਦੋਂ ਤੱਕ ਕੇਵਲ ਇਸੀ ਵਜ੍ਹਾ ਨੂੰ ਹੀ ਮੁੱਖ ਰੱਖਦੇ ਹੋਏ ਕਿਸੇ ਦਿਵਿਆਂਗ ਅਧਿਕਾਰੀ/ਕਰਮਚਾਰੀ ਦੀ ਤਨਖਾਹ ਜਾਂ ਸਰਵਿਸ ਵਿੱਚ ਹੋਰ ਕੋਈ ਵੀ ਬਣਦਾ ਲਾਭ ਨਾ ਰੋਕਿਆ ਜਾਵੇ।

3. ਇਸ ਸਬੰਧੀ ਵਿਭਾਗ ਵਲੋਂ PGIMER ਚੰਡੀਗੜ੍ਹ ਨਾਲ ਰਾਬਤਾ ਕਾਇਮ ਕੀਤਾ ਗਿਆ, ਪ੍ਰੰਤੂ PGIMER, ਚੰਡੀਗੜ੍ਹ ਵਲੋਂ ਕੰਮ ਦੀ ਬਹੁਤਾਤ ਅਤੇ ਸਟਾਫ ਦੀ ਘਾਟ ਨੂੰ ਮੁੱਖ ਕਾਰਨ ਦਸਦੇ ਹੋਏ, ਮੈਡੀਕਲ ਮੁਆਇੰਨਾ ਕਰਨ ਵਿੱਚ ਅਸਮਰੱਥਤਾ ਜ਼ਾਹਿਰ ਕੀਤੀ ਗਈ। ਇਸ ਉਪਰੰਤ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਨਾਲ ਰਾਬਤਾ ਕਾਇਮ ਕੀਤਾ ਗਿਆ ਜਿਸ ਦੇ ਸਨਮੁੱਖ ਡਾਇਰੈਕਟ, ਮੈਡੀਕਲ ਸਿੱਖਿਆ ਅਤੇ ਖੋਜ, ਪੰਜਾਬ ਵੱਲੋਂ ਪੱਤਰ ਨੰ:3ਐਮ.ਈ.2.ਪੰ/2023/13583 ਮਿਤੀ 26.09.2023 ਰਾਹੀਂ ਪੰਜਾਬ ਰਾਜ ਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇੰਨਾ/ਸਰਟੀਫਿਕੇਟਾਂ ਦੀ ਜਾਂਚ ਕਰਨ ਲਈ ਪੰਜਾਬ ਰਾਜ ਵਿੱਚ 4 ਵੱਖ-ਵੱਖ ਮੈਡੀਕਲ ਬੋਰਡ ਗਠਿਤ ਕੀਤੇ ਗਏ ਹਨ।

4. ਇਸ ਲਈ ਆਪ ਨੂੰ ਬੇਨਤੀ ਹੈ ਕਿ ਆਪ ਦੇ ਵਿਭਾਗ ਅਤੇ ਉਨ੍ਹਾਂ ਦੇ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ/ਅਦਾਰਿਆਂ ਵਿਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇੰਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਹੇਠ ਦਰਸਾਏ 4 ਵੱਖ-ਵੱਖ ਮੈਡੀਕਲ ਬੋਰਡਾਂ ਪਾਸੋਂ ਕਰਵਾਈ ਜਾਵੇ। ਇਸ ਸਬੰਧੀ ਜਿਨ੍ਹਾਂ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇੰਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਕਰਵਾਈ ਜਾਣੀ ਹੈ ਉਨ੍ਹਾਂ ਦੀ ਸੂਚੀ ਸਬੰਧਤ ਮੈਡੀਕਲ ਬੋਰਡ ਨੂੰ ਭੇਜੀ ਜਾਵੇ ਤਾਂ ਦਿਵਿਆਂਜਨਾਂ ਅਤੇ ਸਬੰਧਤ ਮੈਡੀਕਲ ਬੋਰਡ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ:-

| **ਲੜ੍ਹੀ ਨੰ:** | **ਸੰਸਥਾ ਦਾ ਨਾਂ** | **ਡਾਕਟਰ ਦਾ ਨਾਮ ਅਤੇ ਅਹੁੱਦਾ** |
|---|---|---|
| 1 | ਸਰਕਾਰੀ ਮੈਡੀਕਲ ਕਾਲਜ, ਪਟਿਆਲਾ। | ਡਾ. ਗੁਰਪਾਲ ਸਿੰਘ, ਐਸੋਸੀਏਟ ਪ੍ਰੋਫੈਸਰ, ਮੈਡੀਸਨ ਵਿਭਾਗ। |
| | | ਡਾ. ਰੋਮੈਲ ਮੋਹੀ, ਐਸੋਸੀਏਟ ਪ੍ਰੋਫੈਸਰ, ਸਰਜਰੀ ਵਿਭਾਗ। |
| | | ਡਾ. ਅਰਵਿੰਦ ਕੁਮਾਰ, ਸਹਾਇਕ ਪ੍ਰੋਫੈਸਰ, ਆਰਥੋ ਵਿਭਾਗ। |

| | | |
|---|---|---|
| | | ਡਾ. ਅਸ਼ੀਸ ਕਾਵਿਆ, ਸਹਾਇਕ ਪ੍ਰੋਫੈਸਰ, ਪੀ. ਐਮ.ਆਰ। |
| 2 | ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ। | ਡਾ. ਸੱਤਪਾਲ ਆਲੂਣਾ, ਪ੍ਰੋਫੈਸਰ, ਮੈਡੀਕਲ ਵਿਭਾਗ। |
| | | ਡਾ. ਬਸੰਤ ਰਾਏ, ਐਸੋਸੀਏਟ ਪ੍ਰੋਫੈਸਰ, ਆਰਥੋ ਵਿਭਾਗ। |
| | | ਡਾ. ਅਰਵਿੰਦਰ ਸਿੰਘ ਮਾਨ, ਐਸੋਸੀਏਟ ਪ੍ਰੋਫੈਸਰ, ਈ.ਐਨ.ਟੀ. ਵਿਭਾਗ। |
| | | ਡਾ. ਰਾਜੇਸ਼ ਕੁਮਾਰ, ਐਸੋਸੀਏਟ ਪ੍ਰੋਫੈਸਰ, ਆਈ ਵਿਭਾਗ |
| 3 | ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫਰੀਦਕੋਟ | ਡਾ. ਚੰਦਨਪ੍ਰੀਤ ਕੌਰ, ਐਸੋਸੀਏਟ ਪ੍ਰੋਫੈਸਰ, ਪੀ.ਐਮ.ਆਰ। |
| | | ਡਾ. ਅਜੇਬੀਰ ਸਿੰਘ, ਸਹਾਇਕ ਪ੍ਰੋਫੈਸਰ, ਆਰਥੋ ਪੈਡਿਕਸ। |
| | | ਡਾ. ਕਮਲਦੀਪ ਕੌਰ, ਸਹਾਇਕ ਪ੍ਰੋਫੈਸਰ, ਮੈਡੀਸਨ। |
| | | ਡਾ. ਗੁਰਸ਼ਿੰਦਰਪਾਲ ਸਿੰਘ, ਸਹਾਇਕ ਪ੍ਰੋਫੈਸਰ, ਈ.ਐਨ.ਟੀ। |
| | | ਡਾ . ਗਗਨਦੀਪ ਕੌਰ, ਸਹਾਇਕ ਪ੍ਰੋਫੈਸਰ। |
| 4 | ਡਾ. ਬੀ.ਆਰ.ਅੰਬੇਦਕਰ ਸਟੇਟ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼, ਮੋਹਾਲੀ। | ਡਾ. ਅਮਿਤ ਲਖਾਨੀ, ਐਸੋਸੀਏਟ ਪ੍ਰੋਫੈਸਰ, ਆਰਥੋ ਵਿਭਾਗ। |
| | | ਡਾ. ਸੋਨੀਆ ਫੂਲਕੇ, ਐਸੋਸੀਏਟ ਪ੍ਰੋਫੈਸਰ, ਅੱਖਾਂ ਦਾ ਵਿਭਾਗ। |
| | | ਡਾ. ਹਿਮਾਸ਼ੂ ਕੁਮਾਰ ਮਿੱਤਲ, ਐਸੋਸੀਏਟ ਪ੍ਰੋਫੈਸਰ, ਈ.ਐਨ.ਟੀ ਵਿਭਾਗ। |

5. ਆਪ ਦੇ ਵਿਭਾਗ ਅਧੀਨ ਆਉਂਦੇ ਬੋਰਡ/ਕਾਰਪੋਰੇਸ਼ਨਾਂ/ਅਦਾਰਿਆਂ ਵਿਚ ਕੰਮ ਕਰਦੇ ਸਮੂਹ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇੰਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਕਰਵਾਉਣ ਉਪਰੰਤ ਉਨ੍ਹਾਂ ਸਬੰਧੀ ਰਿਪੋਰਟ ਪ੍ਰਬੰਧਕੀ ਵਿਭਾਗ ਦੇ ਪੱਧਰ ਤੇ ਸੰਕਲਿਤ ਕਰਕੇ ਜਲਦੀ ਤੋ ਜਲਦੀ ਇਸ ਵਿਭਾਗ ਨੂੰ ਭਿਜਵਾਉਣ ਦੀ ਖੇਚਲ ਕੀਤੀ ਜਾਵੇ ਜੀ ਤਾਂ ਜੋ ਵਿਧਾਨ ਸਭਾ ਦੀ ਕਮੇਟੀ ਨੂੰ ਇਸ ਸਬੰਧੀ ਸੂਚਿਤ ਕੀਤਾ ਜਾ ਸਕੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

(ਸ਼ੇਨਾ ਅਗਰਵਾਲ)
ਵਿਸੇਸ਼ ਸਕੱਤਰ

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰ,
ਪੰਜਾਬ ਸਰਕਾਰ।

ਅੰ:ਵਿ:ਪੱ:ਨੰ:SSWCD-10/218/2022-5DC/ 777043 ਮਿਤੀ, ਚੰਡੀਗੜ੍ਹ: 07.02.2024

ਪਿੰ:ਅੰ:ਨੰ: SSWCD-10/218/2022-5DC/ 777043 (1) ਮਿਤੀ, ਚੰਡੀਗੜ੍ਹ: 07.02.2024

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਦੇ ਪੱਤਰ ਨੰ:3ਐਮ.ਈ.2.ਪੰ/2023/13583 ਮਿਤੀ 26.09.2023 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿਚ ਦਰਸਾਏ ਗਏ ਮੈਡੀਕਲ ਬੋਰਡਾਂ ਨੂੰ ਹਦਾਇਤ ਕੀਤੀ ਜਾਵੇ ਕਿ ਵੱਖ-ਵੱਖ ਵਿਭਾਗਾਂ ਦੇ ਦਿਵਿਆਂਗ ਅਧਿਕਾਰੀਆਂ/ਕਰਮਚਾਰੀਆਂ ਦਾ ਮੈਡੀਕਲ ਮੁਆਇੰਨਾ/ਅੰਗਹੀਣ ਸਰਟੀਫਿਕੇਟ ਦੀ ਜਾਂਚ ਕੀਤੀ ਜਾਵੇ।

-ਸਹੀ-
(ਸ਼ੇਨਾ ਅਗਰਵਾਲ)
ਵਿਸੇਸ਼ ਸਕੱਤਰ

ਪਿੰ:ਅੰ:ਨੰ: SSWCD-10/218/2022-5DC/ 777043 (2) ਮਿਤੀ, ਚੰਡੀਗੜ੍ਹ:07.02.2024

ਉਪਰੋਕਤ ਦਾ ਇੱਕ ਉਤਾਰਾ ਅਧੀਨ ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ (ਭਲਾਈ ਕਮੇਟੀ ਸ਼ਾਖਾ) ਨੂੰ ਉਨ੍ਹਾਂ ਦੇ ਪੱਤਰ ਨੰ: 12-ਭ.ਕ.ਸ./2022-23/13902 ਮਿਤੀ 09-09-2022 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

-ਸਹੀ-
(ਸ਼ੇਨਾ ਅਗਰਵਾਲ)
ਵਿਸੇਸ਼ ਸਕੱਤਰ